# School District No. 36 (Surrey)
**Curriculum & Instructional Services Centre**
7532 – 134A Street, Surrey, B.C. V3W 7J1
Tel: (604) 590-2255 Fax: (604) 590-2588

ਸਤਿਕਾਰ ਯੋਗ ਕਿੰਡਰਗਾਰਟਨ ਦੀ ਕਲਾਸ ਦੇ ਮਾਤਾ ਅਤੇ ਪਿਤਾ ਜੀਓ,

ਤੁਹਾਡੇ ਬੱਚੇ ਦਾ ਸਕੂਲ ਵਿੱਚ ਦਾਖਲੇ ਤੋਂ ਬਾਅਦ ਦਾ ਸਭ ਤੋਂ ਪਹਿਲਾ ਰਿਪੋਰਟ ਕਾਰਡ ਦਸੰਬਰ ਵਿੱਚ ਘਰ ਭੇਜਿਆ ਜਾਏਗਾ । ਮੈਨੂੰ ਪੂਰਾ ਯਕੀਨ ਹੈ ਕਿ ਤੁਸੀਂ ਇਸ ਰਿਪੋਰਟ ਕਾਰਡ ਵਿੱਚ ਆਪਣੇ ਬੱਚੇ ਦੀ ਓਨੱਤੀ ਬਾਰੇ ਦਿੱਤੀ ਗਈ ਜਾਣਕਾਰੀ ਨੂੰ ਪੜ੍ਹਨ ਲਈ ਕਾਫੀ ਓਤਾਵਲੇ ਹੋਵੋਗੇ ।

ਤੁਹਾਡੇ ਬੱਚੇ ਦੇ ਇਸ ਰਿਪੋਰਟ ਕਾਰਡ ਵਿੱਚ ਵਿਦਿਆ ਵਿਭਾਗ ਵਲੋਂ ਲਾਗੂ ਕੀਤੀਆਂ ਸਿੱਖਣ ਵਾਲੀਆਂ ਮਾਹਿਰਤਾ ਦੇ ਸਿੱਖਣ ਅਤੇ ਪੜ੍ਹਾਓਣ ਬਾਰੇ ਜਾਣਕਾਰੀ ਹੋਵੇਗੀ । ਕਿੰਡਰਗਾਰਟਨ ਦੀ ਕਲਾਸ ਵਿੱਚ ਤੁਹਾਡੇ ਬੱਚੇ ਦੀ ਸਿੱਖਣ ਦੀ ਮਾਹਿਰਤਾ ਨੂੰ ਇਨ੍ਹਾਂ ਸ਼੍ਰੈਣੀਆਂ ਅਨੁਸਾਰ ਨਾਪਿਆ ਅਤੇ ਦਰਸਾਇਆ ਗਿਆ ਹੈ :

- ਕਿ ਬੱਚਾ ਸਭ ਸਿੱਖਣ ਵਾਲੀਆਂ ਮਾਹਿਰਤਾਂ ਵਿੱਚ ਅੱਗੇ ਹੈ
- ਕਿ ਬੱਚਾ ਸਿਖੱਣ ਵਾਲੀਆਂ ਮਾਹਿਰਤਾ ਦਾ ਮਾਹਿਰ ਹੈ
- ਕਿ ਬੱਚਾ ਸਿੱਖਣ ਵਾਲੀਆਂ ਮਾਹਿਰਤਾਂ ਸਿੱਖਣ ਦੀ ਕੋਸ਼ਿਸ਼ ਕਰ ਰਿਹਾ ਹੈ

ਪਹਿਲੀ ਤੋਂ ਸੱਤਵੀਂ ਤੱਕ, ਇਹ ਮਾਹਿਰਤਾਂ ਚਾਰ ਸ਼੍ਰੈਣੀਆਂ ਵਿੱਚ ਵੰਡੀਆਂ ਗਈਆਂ ਹਨ, ਲੇਕਿਨ ਕਿੰਡਰਗਾਰਟਨ ਵਿੱਚ ਇਹ ਓਪਰ ਦੱਸੀਆਂ ਤਿੰਨ ਹੀ ਸ਼੍ਰੈਣੀਆਂ ਵਿੱਚ ਵੰਡੀਆਂ ਗਈਆਂ ਹਨ । ਪਹਿਲੀ ਤੋਂ ਸੱਤਵੀਂ ਤੱਕ ਇੱਕ ਹੋਰ ਸ਼੍ਰੈਣੀ ਹੁੰਦੀ ਹੈ ਜੋ ਹੈ : ਕਿ ਬੱਚਾ ਚੁਣੀਆਂ ਹੋਈਆਂ ਮਾਹਿਰਤਾਂ ਵਿੱਚ ਅਜੇ ਨਹੀਂ ਕਾਮਯਾਬ ਹੋ ਰਿਹਾ । ਕਿੰਡਰਗਾਰਟਨ ਬੱਚਿਆਂ ਵਿੱਚ ਇਹ ਸ਼੍ਰੈਣੀ ਵਿਦਿਆ ਵਿਭਾਗ ਨੇ ਇਸ ਲਈ ਲਾਗੂ ਨਹੀਂ ਕੀਤੀ, ਕਿਓਂਕਿ ਬੱਚੇ ਜਦੋਂ ਕਿੰਡਰਗਾਰਟਨ ਕਲਾਸ ਵਿੱਚ ਆਓਂਦੇ ਹਨ ਤਾ ਓਹ ਵੱਖ ਵੱਖ ਖੇਤਰਾਂ ਵਿੱਚ ਅਤੇ ਦਰਜਿਆਂ ਵਿੱਚ ਸਕੂਲ ਲਈ ਤਿਆਰ ਹੁੰਦੇ ਹਨ । ਇਸ ਲਈ ਇਹ ਤੀਜੀ ਸ਼੍ਰੈਣੀ ਕਿੰਡਰਗਾਰਟਨ ਬੱਚਿਆਂ ਦੇ ਸਕੂਲ ਦੇ ਪਹਿਲੇ ਸਾਲ ਲਈ ਜ਼ਿਆਦਾ ਢੁੱਕਦੀ ਹੈ ਅਤੇ ਓਹਨਾਂ ਦੇ ਸਿੱਖਿਆ ਦੀ ਮਾਹਿਰਤਾ ਨੂੰ ਨਾਪਣ ਲਈ ਲਾਗੂ ਹੁੰਦੀ ਹੈ ।

ਮੈਨੂੰ ਆਸ ਹੈ ਕਿ ਤੁਸੀਂ ਇਸ ਜਾਣਕਾਰੀ ਨੂੰ ਮਦਦਗਾਰ ਅਤੇ ਸਿੱਖਿਆ ਭਰਪੂਰ ਜਾਣੋਗੇ ।

ਤੁਹਾਡੀ ਸ਼ੁਭਚਿੰਤਕ,

ਪੈਟ ਹੋਰਸਟੈਡ
ਵਿਦਿਆ ਦੀ ਡਾਇਰੈਕਟਰ